# <u>ਵਿਦੇਸ਼ੀ ਭਾਸ਼ਾ ਵੇਖਣ ਵਿੱਚ ਕਠਨਾਈਆਂ ਨੂੰ ਦੂਰ ਕਰਨਾ</u>

ਸਾਡੀ ਵੈਬਸਾਈਟ ਤੇ ਅਨੁਵਾਦ ਕੀਤੀ ਹੋਈ ਸਮੱਗਰੀ ਦਾ ਪ੍ਰਦਰਸ਼ਨ ਯੂਨੀਕੋਡ ਦੀ ਵਰਤੋਂ ਰਾਹੀਂ ਕੀਤਾ ਜਾਂਦਾ ਹੈ। ਜੇ ਤੁਸੀਂ ਇਸ ਸਫੇ ਨੂੰ ਠੀਕ ਤਰ੍ਹਾਂ ਵੇਖ ਨਹੀਂ ਪਾ ਰਹੇ ਹੋ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਆਪਣੇ ਬ੍ਰਾਊਜ਼ਰ ਦੀਆਂ ਕੁਝ ਸੈਟਿੰਗਾਂ ਨੂੰ ਅਪਡੇਟ ਕਰਨ ਦੀ ਲੋੜ ਹੋਵੇ, ਜਾਂ ਹੋ ਸਕਦਾ ਹੈ ਕਿ ਬ੍ਰਾਊਜ਼ਰ ਨੂੰ ਹੀ ਅਪਡੇਟ ਕਰਨ ਦੀ ਲੋੜ ਹੋਵੇ। ਆਪਣੀ ਭਾਸ਼ਾ ਵਿੱਚ ਵੈਬ ਦੇ ਪੰਨਿਆਂ ਨੂੰ ਸਹੀ ਰੂਪ ਵਿੱਚ ਵੇਖਣ ਵਿੱਚ ਮਦਦ ਕਰਨ ਲਈ ਕੁਝ ਕਦਮ ਹੇਠਾਂ ਦੱਸੇ ਗਏ ਹਨ:

## ਮਾਇਕ੍ਰੋਸੌਫ਼ਟ ਵਿੰਡੋਜ਼ ਦੀ ਵਰਤੋਂ ਕਰਨ ਵਾਲੇ ਕੰਪਿਊਟਰ

ਵਿੰਡੋਜ਼ ਦੇ ਜ਼ਿਆਦਾਤਰ ਸੰਸਕਰਣਾਂ ਵਿੱਚ ਚੰਗੀ ਯੂਨੀਕੋਡ ਸੱਪੋਰਟ ਪਹਿਲਾਂ ਤੋਂ ਮੌਜੂਦ ਹੁੰਦੀ ਹੈ। ਆਮ ਤੌਰ ਤੇ ਤੁਹਾਡੀ ਵਿੰਡੋਜ਼ ਦਾ ਜਿੰਨਾ ਜ਼ਿਆਦਾ ਨਵਾਂ ਸੰਸਕਰਣ ਹੋਵੇਗਾ, ਉੱਨੀ ਜ਼ਿਆਦੀ ਚੰਗੀ ਯੂਨੀਕੋਡ ਦੀ ਸੱਪੋਰਟ ਹੋਵੇਗੀ। ਵਿੰਡੋਜ਼ XP ਵਿੱਚ ਖਾਸ ਤੌਰ ਤੇ ਵਿਦੇਸ਼ੀ ਭਾਸ਼ਾਵਾਂ ਲਈ ਬਹੁਤ ਚੰਗੀ ਸੱਪੋਰਟ ਮੌਜੂਦ ਹੈ।

### *ਇੰਟਰਨੈਟ ਐਕਸਪਲੋਰਰ (Internet Explorer) 5.x ਅਤੇ 6.x*

ਵਿਦੇਸ਼ੀ ਭਾਸ਼ਾਵਾਂ ਦਾ ਪ੍ਰਦਰਸ਼ਨ ਸਹੀ ਹੋਣਾ ਚਾਹੀਦਾ ਹੈ। ਜੇ ਉਹ ਸਹੀ ਤਰ੍ਹਾਂ ਨਜ਼ਰ ਨਹੀਂ ਆਉਂਦੀਆਂ (ਉਦਾਹਰਨ ਲਈ, ਜੇ %#$* ਵਰਗੇ ਰੋਮਨ ਅੱਖਰ ਬੇਤਰਤੀਬ ਢੰਗ ਨਾਲ ਨਜ਼ਰ ਆਉਂਦੇ ਹਨ) ਤਾਂ ਤੁਹਾਨੂੰ ਆਪਣੀਆਂ ਐਨਕੋਡਿੰਗ ਸੈਟਿੰਗਾਂ ਤਬਦੀਲ ਕਰਨ ਦੀ ਲੋੜ ਹੈ। ਇਹਨਾਂ ਐਨਕੋਡਿੰਗ ਸੈਟਿੰਗਾਂ ਨੂੰ ਬਦਲਣ ਲਈ ਹੇਠਲੇ ਕਦਮ ਚੁੱਕੋ:

1. **View** > **Encoding** > **More** ਤੇ ਜਾਉ।
2. ਮੌਜੂਦਾ ਸੈਟਿੰਗ (ਸ਼ਾਇਦ Western) ਨੂੰ ਬਦਲ ਕੇ ਲੋੜੀਂਦੀ ਐਨਕੋਡਿੰਗ ਚਾਲੂ ਕਰੋ।
3. ਜੇ ਚੋਣ ਲਈ ਇਕ ਤੋਂ ਵੱਧ ਮੱਦ ਹਨ ਤਾਂ ਇਕ ਇਕ ਕਰਕੇ ਇਹਨਾਂ ਮੱਦਾਂ ਦੀ ਚੋਣ ਤਦੋਂ ਤਕ ਕਰੋ ਜਦੋਂ ਤਕ ਪੰਨਾ ਸਹੀ ਨਜ਼ਰ ਆਉਣਾ ਸ਼ੁਰੂ ਨਾ ਹੋ ਜਾਏ।
4. ਸਾਈਟ ਨੂੰ ਵੇਖਣਾ ਖਤਮ ਕਰਨ ਦੇ ਬਾਅਦ, ਜੇ ਤੁਸੀਂ ਰੋਮਨ ਅੱਖਰਾਂ ਵਾਲੇ ਪੰਨੇ ਵੇਖਣਾ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਬ੍ਰਾਊਜ਼ਰ ਨੂੰ ਵਾਪਸ Western ਸੈਟਿੰਗ ਤੇ ਲਿਆਉਣਾ ਪਵੇਗਾ।

### *ਇੰਟਰਨੈਟ ਐਕਸਪਲੋਰਰ 7.x (Internet Explorer 7.x)*

IE 5.x ਅਤੇ 6.x ਵਾਂਗ IE 7 ਵਿੱਚ ਵੀ ਵਿਦੇਸ਼ੀ ਭਾਸ਼ਾਵਾਂ ਦਾ ਪ੍ਰਦਰਸ਼ਨ ਸਹੀ ਹੋਣਾ ਚਾਹੀਦਾ ਹੈ। ਜੇ ਅਜੇਹਾ ਨਹੀਂ ਹੈ ਤਾਂ ਆਪਣੀਆਂ ਐਨਕੋਡਿੰਗ ਸੈਟਿੰਗਾਂ ਤਬਦੀਲ ਕਰਨ ਦੀ ਕੋਸ਼ਸ਼ ਕਰੋ:

1. **Tools** (ਸਰਚ ਬੱਕਸੇ ਦੇ ਹੇਠਾਂ ਬਣਿਆ ਗਿਅਰ ਆਇਕਨ) > **Toolbars** > **Classic Menu** ਵਿੱਚ ਜਾਉ। ਨੋਟ: ਜੇ ਤੁਹਾਨੂੰ Tools ਆਇਕਨ ਨਜ਼ਰ ਨਾ ਆਵੇ ਤਾਂ ਬ੍ਰਾਊਜ਼ਰ ਦੀ ਖਿੜਕੀ ਦੇ ਉੱਪਰ **View** ਮੇਨਯੂ ਲੱਭੋ ਅਤੇ ਸਿੱਧਾ ਕਦਮ 3 ਤੇ ਜਾਉ।
2. ਤੁਹਾਨੂੰ URL ਟੈਕਸਟ ਬੱਕਸੇ ਦੇ ਹੇਠਾਂ **View** ਮੇਨਯੂ ਨਜ਼ਰ ਆਉਣਾ ਚਾਹੀਦਾ ਹੈ।
3. ਹੁਣ **View** > **Encoding** > **More** ਤੇ ਜਾਉ।
4. ਮੌਜੂਦਾ ਸੈਟਿੰਗ (ਸ਼ਾਇਦ Western) ਨੂੰ ਬਦਲ ਕੇ ਲੋੜੀਂਦੀ ਐਨਕੋਡਿੰਗ ਚਾਲੂ ਕਰੋ।

5. ਜੇ ਚੋਣ ਲਈ ਇਕ ਤੋਂ ਵੱਧ ਮੱਦ ਹਨ ਤਾਂ ਇਕ ਇਕ ਕਰਕੇ ਇਹਨਾਂ ਮੱਦਾਂ ਦੀ ਚੋਣ ਤਦੋਂ ਤਕ ਕਰੋ ਜਦੋਂ ਤਕ ਪੰਨਾ ਸਹੀ ਨਜ਼ਰ ਆਉਣਾ ਸ਼ੁਰੂ ਨਾ ਹੋ ਜਾਏ।
6. ਸਾਈਟ ਨੂੰ ਵੇਖਣਾ ਖਤਮ ਕਰਨ ਦੇ ਬਾਅਦ, ਜੇ ਤੁਸੀਂ ਰੋਮਨ ਅੱਖਰਾਂ ਵਾਲੇ ਪੰਨੇ ਵੇਖਣਾ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਬ੍ਰਾਉਜ਼ਰ ਨੂੰ ਵਾਪਸ Western ਸੈਟਿੰਗ ਤੇ ਲਿਆਉਣਾ ਪਵੇਗਾ।

***ਫਾਇਰਫੌਕਸ 1.5 (Firefox 1.5) ਅਤੇ ਉਚੇਰੇ***

ਫਾਇਰਫੌਕਸ ਵਿੱਚ ਬਹੁਤ ਵਧੀਆ ਯੂਨੀਕੋਡ ਸੱਪੋਰਟ ਮੌਜੂਦ ਹੈ ਅਤੇ ਵਿਦੇਸ਼ੀ ਭਾਸ਼ਾਵਾਂ ਸਹੀ ਨਜ਼ਰ ਆਉਣੀਆਂ ਚਾਹੀਦੀਆਂ ਹਨ। ਜੇ ਤੁਹਾਨੂੰ ਉਹਨਾਂ ਨੂੰ ਵੇਖਣ ਵਿੱਚ ਕਠਨਾਈ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਤਾਂ ਆਪਣੀਆਂ ਐਨਕੋਡਿੰਗ ਸੈਟਿੰਗਾਂ ਤਬਦੀਲ ਕਰਨ ਦੀ ਕੋਸ਼ਸ਼ ਕਰੋ:

1. **View** > **Character Encoding** ਤੇ ਜਾਉ।
2. ਮੌਜੂਦਾ ਸੈਟਿੰਗ (ਸ਼ਾਇਦ Western) ਨੂੰ ਬਦਲ ਕੇ ਲੋੜੀਂਦੀ ਐਨਕੋਡਿੰਗ ਚਾਲੂ ਕਰੋ। ਹੋ ਸਕਦਾ ਹੈ ਤੁਹਾਨੂੰ ਉਪ-ਮੇਨਯੁ **More** ਤੇ ਜਾਕੇ ਲੋੜੀਂਦੇ ਇਲਾਕੇ ਅਤੇ ਫੇਰ ਕੋਡਿੰਗ ਦੀ ਚੋਣ ਕਰਨੀ ਪਵੇ।
3. ਜੇ ਚੋਣ ਲਈ ਇਕ ਤੋਂ ਵੱਧ ਮੱਦ ਹਨ ਤਾਂ ਇਕ ਇਕ ਕਰਕੇ ਇਹਨਾਂ ਮੱਦਾਂ ਦੀ ਚੋਣ ਤਦੋਂ ਤਕ ਕਰੋ ਜਦੋਂ ਤਕ ਪੰਨਾ ਸਹੀ ਨਜ਼ਰ ਆਉਣਾ ਸ਼ੁਰੂ ਨਾ ਹੋ ਜਾਏ।
4. ਸਾਈਟ ਨੂੰ ਵੇਖਣਾ ਖਤਮ ਕਰਨ ਦੇ ਬਾਅਦ, ਜੇ ਤੁਸੀਂ ਰੋਮਨ ਅੱਖਰਾਂ ਵਾਲੇ ਪੰਨੇ ਵੇਖਣਾ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਬ੍ਰਾਉਜ਼ਰ ਨੂੰ ਵਾਪਸ Western ਸੈਟਿੰਗ ਤੇ ਲਿਆਉਣਾ ਪਵੇਗਾ।

***ਨੈਟਸਕੇਪ 7 (Netscape v7)***

ਨੈਟਸਕੇਪ 7 ਯੂਨੀਕੋਡ ਲਈ ਸੀਮਤ ਸੱਪੋਰਟ ਪ੍ਰਦਾਨ ਕਰਦਾ ਹੈ। ਹਾਲਾਂਕਿ ਹੋ ਸਕਦਾ ਹੈ ਕਿ ਤੁਸੀਂ ਵਿਦੇਸ਼ੀ ਭਾਸ਼ਾਵਾਂ ਵੇਖ ਸਕਦੇ ਹੋਵੋ, ਅਸੀਂ ਇਹ ਸਿਫਾਰਸ਼ ਕਰਾਂਗੇ ਕਿ ਤੁਸੀਂ ਇਸਨੂੰ ਅਪਗਰੇਡ ਕਰਕੇ Netscape 8 ਜਾਂ, ਹੋਰ ਵੀ ਚੰਗਾ ਹੋਵੇ, Firefox ਲਗਾ ਲਉ।

ਜੇ ਤੁਸੀਂ ਆਪਣਾ ਬ੍ਰਾਉਜ਼ਰ ਅਪਗਰੇਡ ਕਰਨ ਲਈ ਤਿਆਰ ਨਹੀਂ ਹੋ ਤਾਂ ਤੁਸੀਂ ਨੈਟਸਕੇਪ 7 ਵਿੱਚ ਆਪਣੀਆਂ ਐਨਕੋਡਿੰਗ ਸੈਟਿੰਗਾਂ ਬਦਲਣ ਦੀ ਕੋਸ਼ਸ਼ ਕਰ ਸਕਦੇ ਹੋ:

1. **View** > **Character Coding** > **More** > **Unicode (UTF-8)** ਤੇ ਜਾਉ।
2. ਸਾਈਟ ਨੂੰ ਵੇਖਣਾ ਖਤਮ ਕਰਨ ਦੇ ਬਾਅਦ, ਜੇ ਤੁਸੀਂ ਰੋਮਨ ਅੱਖਰਾਂ ਵਾਲੇ ਪੰਨੇ ਵੇਖਣਾ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਆਪਣੇ ਬ੍ਰਾਉਜ਼ਰ ਨੂੰ ਵਾਪਸ Western ਸੈਟਿੰਗ ਤੇ ਲਿਆਉਣਾ ਨਾ ਭੁੱਲੋ।

***ਆਪੇਰਾ (Opera)***

ਆਪੇਰਾ ਯੂਨੀਕੋਡ ਲਈ ਚੰਗੀ ਸੱਪੋਰਟ ਪਰਦਾਨ ਕਰਦਾ ਹੈ। ਜੇ ਤੁਹਾਡੀ ਭਾਸ਼ਾ ਸਹੀ ਨਜ਼ਰ ਨਹੀਂ ਆਉਂਦੀ ਹੈ (ਉਦਾਹਰਨ ਲਈ, ਜੇ %#$* ਵਰਗੇ ਰੋਮਨ ਅੱਖਰ ਬੇਤਰਤੀਬ ਢੰਗ ਨਾਲ ਨਜ਼ਰ ਆਉਂਦੇ ਹਨ) ਤਾਂ ਤੁਹਾਨੂੰ ਆਪਣੀਆਂ ਐਨਕੋਡਿੰਗ ਸੈਟਿੰਗਾਂ ਬਦਲਣ ਦੀ ਲੋੜ ਪੈ ਸਕਦੀ ਹੈ। ਪਰ ਆਪਣੀਆਂ ਐਨਕੋਡਿੰਗ ਸੈਟਿੰਗਾਂ ਤਾਂ ਹੀ ਬਦਲੋ ਜੇ ਤੁਹਾਨੂੰ

ਪਿਛਲਾ ਪੰਨਾ ਆਪਣੀ ਭਾਸ਼ਾ ਵਿੱਚ ਵੇਖਣ ਵਿੱਚ ਕਠਨਾਈ ਹੋ ਰਹੀ ਹੋਵੇ। ਆਪਣੀਆਂ ਐਨਕੋਡਿੰਗ ਸੈਟਿੰਗਾਂ ਬਦਲਣ ਲਈ:

1. **View** > **Encoding** ਤੇ ਜਾਉ।
2. ਮੌਜੂਦਾ ਸੈਟਿੰਗ (ਸ਼ਾਇਦ Western) ਨੂੰ ਬਦਲ ਕੇ ਲੋੜੀਂਦੀ ਐਨਕੋਡਿੰਗ ਚਾਲੂ ਕਰੋ।
3. ਜੇ ਚੋਣ ਲਈ ਇਕ ਤੋਂ ਵੱਧ ਮੱਦ ਹਨ ਤਾਂ ਇਕ ਇਕ ਕਰਕੇ ਇਹਨਾਂ ਮੱਦਾਂ ਦੀ ਚੋਣ ਤਦੋਂ ਤਕ ਕਰੋ ਜਦੋਂ ਤਕ ਪੰਨਾ ਸਹੀ ਨਜ਼ਰ ਆਉਣਾ ਸ਼ੁਰੂ ਨਾ ਹੋ ਜਾਏ।
4. ਸਾਈਟ ਨੂੰ ਵੇਖਣਾ ਖਤਮ ਕਰਨ ਦੇ ਬਾਅਦ ਆਪਣੀ ਐਨਕੋਡਿੰਗ ਨੂੰ ਵਾਪਸ **Western** > **ISO-8859-1** ਤੇ ਲਿਆਉਣਾ ਨਾ ਭੁੱਲੋ।

## ਮੈਕਿਨਟੋਸ਼ ਕੰਪਿਊਟਰ

**OS X 10.2 ਤਕ** ਯੂਨੀਕੋਡ ਲਈ ਪੂਰੀ ਸੱਪੋਰਟ ਨਹੀਂ ਸੀ ਅਤੇ ਨਵੇਂ ਸੰਸਕਰਣਾਂ ਵਿੱਚ ਜ਼ਿਆਦਾ ਭਾਸ਼ਾਵਾਂ ਲਈ ਸੱਪੋਰਟ ਮੌਜੂਦ ਹੈ। ਸਿਸਟਮ 9 ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਵਿਦੇਸ਼ੀ ਭਾਸ਼ਾਵਾਂ ਵੇਖਣ ਵਿੱਚ ਕਠਨਾਈ ਹੋ ਸਕਦੀ ਹੈ ਅਤੇ ਜੇ **ਭਾਸ਼ਾ ਕਿਟਾਂ** (**Language Kits**) ਨਹੀਂ ਲਗੀਆਂ ਹੋਈਆਂ ਹਨ ਤਾਂ ਤੁਹਾਨੂੰ ਉਹਨਾਂ ਨੂੰ ਲਗਾਉਣ ਦੀ ਲੋੜ ਪੈ ਸਕਦੀ ਹੈ। ਜੇ ਤੁਸੀਂ OS 9 ਦੀ ਵਰਤੋਂ ਕਰਦੇ ਹੋ ਅਤੇ ਤੁਹਾਨੂੰ ਭਾਸ਼ਾ ਕਿਟ ਲਗਾਉਣ ਦੀ ਲੋੜ ਹੈ ਤਾਂ ਕਿਰਪਾ ਕਰਕੇ ਹੇਠਾਂ **OS 9 ਲਈ ਭਾਸ਼ਾ ਕਿਟਾਂ ਲਗਾਉਣਾ** (**Adding Language Kits for OS 9**) ਵੇਖੋ।

### *ਸਫਾਰੀ (Safari)*

ਸਫਾਰੀ ਵਿੱਚ ਯੂਨੀਕੋਡ ਲਈ ਚੰਗੀ ਸੱਪੋਰਟ ਹੈ ਅਤੇ ਵਰਤੋਂ ਕਰਨ ਵਾਲੇ ਨੂੰ ਮੇਲਾਨ ਕਰਨ ਦੀ ਲੋੜ ਨਹੀਂ ਪੈਣੀ ਚਾਹੀਦੀ। ਜੇ ਤੁਸੀਂ ਸਫਾਰੀ ਦੀ ਵਰਤੋਂ ਕਰ ਰਹੇ ਹੋ ਅਤੇ ਕਿਸੇ ਭਾਸ਼ਾ ਨੂੰ ਵੇਖਣ ਵਿਚ ਕਠਨਾਈ ਦਾ ਸਾਮ੍ਹਣਾ ਕਰ ਰਹੇ ਹੋ ਤਾਂ ਹੇਠਲੇ ਤਰੀਕੇ ਨਾਲ ਯੂਨੀਕੋਡ ਸੈਟਿੰਗਾਂ ਨੂੰ ਸਹੀ ਕਰਨ ਦੀ ਕੋਸ਼ਸ਼ ਕਰੋ:

1. **View** > **Text Encoding** ਤੇ ਜਾਉ।
2. ਮੌਜੂਦਾ ਸੈਟਿੰਗ (ਸ਼ਾਇਦ Western) ਨੂੰ ਬਦਲ ਕੇ ਲੋੜੀਂਦੀ ਐਨਕੋਡਿੰਗ ਚਾਲੂ ਕਰੋ। ਸਾਰੇ ਵਿਕਲਪ ਵੇਖਣ ਲਈ ਤੁਹਾਨੂੰ ਨਾਵਾਂ ਦੀ ਸੂਚੀ ਖੋਲ੍ਹਣ ਦੀ ਲੋੜ ਪੈ ਸਕਦੀ ਹੈ।
3. ਜੇ ਚੋਣ ਲਈ ਇਕ ਤੋਂ ਵੱਧ ਮੱਦ ਹਨ ਤਾਂ ਇਕ ਇਕ ਕਰਕੇ ਇਹਨਾਂ ਮੱਦਾਂ ਦੀ ਚੋਣ ਤਦੋਂ ਤਕ ਕੋਸ਼ਸ਼ ਕਰੋ ਜਦੋਂ ਤਕ ਪੰਨਾ ਸਹੀ ਨਜ਼ਰ ਆਉਣਾ ਸ਼ੁਰੂ ਨਾ ਹੋ ਜਾਏ।
4. ਸਾਈਟ ਨੂੰ ਵੇਖਣਾ ਖਤਮ ਕਰਨ ਦੇ ਬਾਅਦ, ਜੇ ਤੁਸੀਂ ਰੋਮਨ ਅੱਖਰਾਂ ਵਾਲੇ ਪੰਨੇ ਵੇਖਣਾ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਆਪਣੇ ਬ੍ਰਾਉਜ਼ਰ ਨੂੰ ਵਾਪਸ Western (ISO Latin 1) ਸੈਟਿੰਗ ਤੇ ਲਿਆਉਣਾ ਨਾ ਭੁੱਲੋ।

### *ਫਾਇਰਫੌਕਸ 1.5 (Firefox 1.5) ਅਤੇ ਉਚੇਰੇ*

ਫਾਇਰਫੌਕਸ ਵਿੱਚ ਯੂਨੀਕੋਡ ਲਈ ਬਹੁਤ ਵਧੀਆ ਸੱਪੋਰਟ ਹੈ ਅਤੇ ਵਿਦੇਸ਼ੀ ਭਾਸ਼ਾਵਾਂ ਸਹੀ ਨਜ਼ਰ ਆਉਣੀਆਂ ਚਾਹੀਦੀਆਂ ਹਨ। ਪਰ ਜੇ ਤੁਹਾਨੂੰ ਉਹਨਾਂ ਨੂੰ ਵੇਖਣ ਵਿਚ ਕਠਨਾਈ ਹੋ ਰਹੀ ਹੈ ਤਾਂ ਐਨਕੋਡਿੰਗ ਸੈਟਿੰਗਾਂ ਤਬਦੀਲ ਕਰਨ ਦੀ ਕੋਸ਼ਸ਼ ਕਰੋ:

1. **View** > **Character Encoding** ਵਿੱਚ ਜਾਉ।
2. ਮੌਜੂਦਾ ਸੈਟਿੰਗ (ਸ਼ਾਇਦ Western) ਨੂੰ ਬਦਲ ਕੇ ਲੋੜੀਂਦੀ ਐਨਕੋਡਿੰਗ ਚਾਲੂ ਕਰੋ। ਹੋ ਸਕਦਾ ਹੈ ਤੁਹਾਨੂੰ ਉਪ-ਮੇਨਯੂ **More** ਤੇ ਜਾਕੇ ਲੋੜੀਂਦੇ ਇਲਾਕੇ ਅਤੇ ਫੇਰ ਕੋਡਿੰਗ ਦੀ ਚੋਣ ਕਰਨੀ ਪਵੇ।
3. ਜੇ ਚੋਣ ਲਈ ਇਕ ਤੋਂ ਵੱਧ ਮੱਦ ਹਨ ਤਾਂ ਇਕ ਇਕ ਕਰਕੇ ਇਹਨਾਂ ਮੱਦਾਂ ਦੀ ਚੋਣ ਤਦੋਂ ਤਕ ਕੋਸ਼ਸ਼ ਕਰੋ ਜਦੋਂ ਤਕ ਪੰਨਾ ਸਹੀ ਨਜ਼ਰ ਆਉਣਾ ਸ਼ੁਰੂ ਨਾ ਹੋ ਜਾਏ।
4. ਸਾਈਟ ਨੂੰ ਵੇਖਣਾ ਖਤਮ ਕਰਨ ਦੇ ਬਾਅਦ, ਜੇ ਤੁਸੀਂ ਰੋਮਨ ਅੱਖਰਾਂ ਵਾਲੇ ਪੰਨੇ ਵੇਖਣਾ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਬ੍ਰਾਉਜ਼ਰ ਨੂੰ ਵਾਪਸ Western ਸੈਟਿੰਗ ਤੇ ਲਿਆਉਣਾ ਪਵੇਗਾ।

### *ਆਪੇਰਾ (Opera)*

ਆਪੇਰਾ ਯੂਨੀਕੋਡ ਲਈ ਚੰਗੀ ਸੱਪੋਰਟ ਪਰਦਾਨ ਕਰਦਾ ਹੈ। ਜੇ ਤੁਹਾਡੀ ਭਾਸ਼ਾ ਸਹੀ ਨਜ਼ਰ ਨਹੀਂ ਆਉਂਦੀ ਹੈ (ਉਦਾਹਰਨ ਲਈ, ਜੇ %#$* ਵਰਗੇ ਰੋਮਨ ਅੱਖਰ ਬੇਤਰਤੀਬ ਢੰਗ ਨਾਲ ਨਜ਼ਰ ਆਉਂਦੇ ਹਨ) ਤਾਂ ਤੁਹਾਨੂੰ ਆਪਣੀਆਂ ਐਨਕੋਡਿੰਗ ਸੈਟਿੰਗਾਂ ਬਦਲਣ ਦੀ ਲੋੜ ਪੈ ਸਕਦੀ ਹੈ। ਪਰ ਆਪਣੀਆਂ ਐਨਕੋਡਿੰਗ ਸੈਟਿੰਗਾਂ ਤਾਂ ਹੀ ਬਦਲੋ ਜੇ ਤੁਹਾਨੂੰ ਪਿਛਲਾ ਪੰਨਾ ਆਪਣੀ ਭਾਸ਼ਾ ਵਿੱਚ ਵੇਖਣ ਵਿੱਚ ਕਠਨਾਈ ਹੋ ਰਹੀ ਹੋਵੇ। ਆਪਣੀਆਂ ਐਨਕੋਡਿੰਗ ਸੈਟਿੰਗਾਂ ਬਦਲਣ ਲਈ:

1. **View** > **Encoding** ਤੇ ਜਾਉ।
2. ਮੌਜੂਦਾ ਸੈਟਿੰਗ (ਸ਼ਾਇਦ Western) ਨੂੰ ਬਦਲ ਕੇ ਲੋੜੀਂਦੀ ਐਨਕੋਡਿੰਗ ਚਾਲੂ ਕਰੋ।
3. ਜੇ ਚੋਣ ਲਈ ਇਕ ਤੋਂ ਵੱਧ ਮੱਦ ਹਨ ਤਾਂ ਇਕ ਇਕ ਕਰਕੇ ਇਹਨਾਂ ਮੱਦਾਂ ਦੀ ਚੋਣ ਤਦੋਂ ਤਕ ਕਰੋ ਜਦੋਂ ਤਕ ਪੰਨਾ ਸਹੀ ਨਜ਼ਰ ਆਉਣਾ ਸ਼ੁਰੂ ਨਾ ਹੋ ਜਾਏ।
4. ਸਾਈਟ ਨੂੰ ਵੇਖਣਾ ਖਤਮ ਕਰਨ ਦੇ ਬਾਅਦ ਆਪਣੀ ਐਨਕੋਡਿੰਗ ਨੂੰ ਵਾਪਸ **Western** > **ISO-8859-1** ਤੇ ਲਿਆਉਣਾ ਨਾ ਭੁੱਲੋ।

### *ਇੰਟਰਨੈਟ ਐਕਸਪਲੋਰਰ 5 (Internet Explorer 5)*

ਮੈਕਿਨਟੋਸ਼ ਪਲੈਟਫਾਰਮ ਉੱਪਰ ਇੰਟਰਨੈਟ ਐਕਸਪਲੋਰਰ ਇਕ ਨਾਮਨਜ਼ੂਰ ਹੋ ਚੁਕਿਆ ਬ੍ਰਾਉਜ਼ਰ ਹੈ ਅਤੇ ਇਸਦੀ ਵਰਤੋਂ ਨਹੀਂ ਕਰਨੀ ਚਾਹੀਦੀ। ਤਿੰਨ ਸਾਲ ਤੋਂ ਵੱਧ ਸਮੇਂ ਤੋਂ ਇਸ ਬ੍ਰਾਉਜ਼ਰ ਦੇ ਅਪਡੇਟ ਅਤੇ ਸੱਪੋਰਟ ਉਪਲਬਧ ਨਹੀਂ ਹਨ। ਮਾਇਕ੍ਰੋਸੌਫ਼ਟ ਅਤੇ ਐਪੱਲ ਦੋਨਾਂ ਦੀ ਇਹ ਸਿਫਾਰਸ਼ ਹੈ ਕਿ ਅਪਗਰੇਡ ਕਰਨ ਦੇ ਲਈ ਸਫਾਰੀ ਜਾਂ ਫਾਇਰਫੌਕਸ ਵਰਗੇ ਕਿਸੇ ਜ਼ਿਆਦਾ ਨਵੇਂ ਬ੍ਰਾਉਜ਼ਰ ਦੀ ਵਰਤੋਂ ਕਰਨੀ ਚਾਹੀਦੀ ਹੈ। ਮੈਕ ਉੱਪਰ IE ਦੇ ਲਈ ਯੂਨੀਕੋਡ ਸੱਪੋਰਟ ਉਪਲਬਧ ਨਹੀਂ ਹੈ।

***OS 9 ਲਈ ਭਾਸ਼ਾ ਕਿਟਾਂ ਲਗਾਉਣਾ (Adding Language Kits for OS 9)***

Mac OS 9 ਵਿੱਚ ਵਿਦੇਸ਼ੀ ਭਾਸ਼ਾਵਾਂ ਲਈ ਸੱਪੋਰਟ ਸੀਮਤ ਹੈ। ਜੇ ਤੁਸੀਂ ਸਿਸਟਮ 9 ਆਪਰੇਟਿੰਗ ਸਿਸਟਮ ਵਾਲੇ ਮੈਕ ਦੀ ਵਰਤੋਂ ਕਰ ਰਹੇ ਹੋ ਤਾਂ ਕੁਝ ਭਾਸ਼ਾਵਾਂ ਔਨਲਾਈਨ ਵੇਖਣ ਲਈ ਤੁਹਾਨੂੰ ਭਾਸ਼ਾ ਕਿਟ ਪਵੇਗੀ। ਅਜੇਹਾ ਕਰਨ ਲਈ ਤੁਹਾਨੂੰ ਆਪਰੇਟਿੰਗ ਸਿਸਟਮ ਅਪਗਰੇਡ ਕਰਨ ਲਈ OS 9 CD-ROM ਦੀ ਲੋੜ ਪਵੇਗੀ:

1. OS 9 ਸੌਫ਼ਟਵੇਅਰ ਵਾਲੇ CD-ROM ਨੂੰ ਆਪਣੀ ਸੀਡੀ-ਰੌਮ ਡ੍ਰਾਈਵ ਵਿੱਚ ਪਾਉ।
2. **Mac OS Install** ਦੀ ਆਇਕਨ ਤੇ ਡੱਬਲ ਕਲਿੱਕ ਕਰੋ। ਸੁਆਗਤ ਵਿੰਡੋ ਵਿੱਚ **Continue** ਤੇ ਕਲਿੱਕ ਕਰੋ।
3. ਅਗਲੀ ਵਿੰਡੋ ਵਿੱਚ ਇਹ ਤਸਦੀਕ ਕਰੋ ਕਿ ਟੀਚੇ ਵਾਲੀ ਡਿਸਕ (Destination Disc) ਉਹ ਹਾਰਡ ਡ੍ਰਾਈਵ ਹੈ ਜਿਸ ਵਿੱਚ ਸਿਸਟਮ 9 ਲਗਿਆ ਹੋਇਆ ਹੈ। ਇਸ ਦੇ ਬਾਅਦ **Select** ਬਟਨ ਤੇ ਅਤੇ ਫੇਰ **Add/Remove** ਤੇ ਕਲਿੱਕ ਕਰੋ।

   ਨੋਟ: ਜੇ ਤੁਸੀਂ Options ਬਟਨ ਤੇ ਕਲਿੱਕ ਕਰਦੇ ਹੋ ਅਤੇ ਬਾਹਰ ਨਿਕਲ ਕੇ ਆਉਣ ਵਾਲੀ ਵਿੰਡੋ ਵਿੱਚ "Perform Clean Installation" ਸੰਦੇਸ਼ ਮਿਲਦਾ ਹੈ ਤਾਂ **Cancel** ਤੇ ਅਤੇ ਫੇਰ **Select** ਤੇ ਕਲਿੱਕ ਕਰੋ।

4. ਹੁਣ ਤੁਹਾਨੂੰ **Custom Installation and Removal** ਵਾਲੀ ਵਿੰਡੋ ਨਜ਼ਰ ਆਉਣੀ ਚਾਹੀਦੀ ਹੈ।
5. **Language Options** ਦੇ ਨਾਲ ਵਾਲੇ ਬਕਸੇ ਨੂੰ ਸਹੀ ਕਰੋ ਅਤੇ ਜੋ ਮੇਨਯੂ ਨਿਕਲ ਕੇ ਆਏ ਉਸ ਵਿੱਚੋਂ **Customized Installation** ਦੀ ਚੋਣ ਕਰੋ।
6. ਇਕ ਨਵੀਂ ਵਿੰਡੋ **Select Language Kits** ਖੁੱਲ੍ਹੇਗੀ। ਜਿਹੜੀ ਭਾਸ਼ਾ ਕਿਟ ਤੁਸੀਂ ਲਗਾਉਣਾ ਚਾਹੁੰਦੇ ਹੋ ਉਸਦੇ ਨਾਲ ਵਾਲੇ ਬਕਸੇ ਨੂੰ ਸਹੀ ਕਰੋ (ਜਿਵੇਂ, "Software for the Arabic Language"). ਸਾਰੇ ਵਿਕਲਪ ਵੇਖਣ ਲਈ ਤੁਹਾਨੂੰ ਨਾਂ ਸੂਚੀ ਖੋਲ੍ਹਣੀ ਪੈ ਸਕਦੀ ਹੈ। ਉਸਦੇ ਬਾਅਦ ਜਾਰੀ ਰੱਖਣ ਲਈ **OK** ਤੇ ਕਲਿੱਕ ਕਰੋ।
7. ਸੌਫ਼ਟਵੇਅਰ ਨੂੰ ਲਗਾਉਣ ਦੀ ਪ੍ਰਕਿਰਿਆ ਸਮਾਪਤ ਕਰੋ, ਫੇਰ ਆਪਣੇ ਕੰਪਿਊਟਰ ਨੂੰ ਦੁਬਾਰਾ ਚਾਲੂ ਕਰੋ ਤਾਂਕਿ ਭਾਸ਼ਾ ਕਿਟਾਂ ਨੂੰ ਸਕ੍ਰਿਆ ਕੀਤਾ ਜਾ ਸਕੇ।